**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਸਸਅ/ਐਮਸੀ/2010/47886-47927
ਮਿਤੀ ਚੰਡੀਗੜ੍ਹ 27 ਜੁਲਾਈ, 2010

**ਵਿਸ਼ਾ** **ਦਸਵੀਂ ਅਤੇ ਬਾਰ੍ਹਵੀ ਵਿੱਚ ਪਾਸ ਹੋਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਵੇਂ ਕਰੀਟੇਰੀਏ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪਿਛਲੇ ਦਿਨੀਂ ਪੰਜਾਬ ਰਾਜ ਦੇ ਸਕੂਲ ਮੁੱਖੀਆਂ ਨਾਲ ਹੋਈ ਮੀਟਿੰਗ ਵਿੱਚ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਸਕੂਲਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਾਸ ਹੋਣ ਦੇ ਨਵੇ ਕਰੀਟੇਰੀਏ ਦੀ ਜਾਣਕਾਰੀ ਨਹੀਂ ਹੈ । ਇਸ ਮੁੱਦੇ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਟੇਕ ਅਪ ਕੀਤਾ ਗਿਆ ਸੀ । ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਬੋਰਡ ਦੀਆਂ ਕਲਾਸਾਂ ਵਿੱਚ ਕਰੀਟੇਰੀਏ ਦੀ ਪੂਰੀ ਜਾਣਕਾਰੀ ਪਹਿਲਾਂ ਹੀ ਜਾਰੀ ਕੀਤੀ ਹੋਈ ਹੈ । ਪਰੰਤੂ ਫਿਰ ਵੀ ਸਕੂਲ ਮੁੱਖੀਆਂ ਦੀ ਮੁਸ਼ਕਿਲਾਂ ਨੂੰ ਵੇਖਦੇ ਹੋਇਆ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਲੋੜੀਂਦੀ ਜਾਣਕਾਰੀ / ਦਸਤਾਵੇਜ ਪ੍ਰਾਪਤ ਕੀਤੇ ਗਏ ਹਨ । ਇਸ ਸਬੰਧ ਵਿੱਚ ਸੂਚਨਾ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬ ਸਾਇਟ www.pseb.ac.in ਉਪਲਵਧ ਹੈ । ਫਿਰ ਵੀ ਸਕੂਲ ਮੁੱਖੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਬੋਰਡ ਦੇ ਨਿਸ਼ਚਿਤ ਕਰੀਟੇਰੀਏ ਨੂੰ ਹੇਠਾ ਲਿਖਿਆ ਜਾਂਦਾ ਹੈ :-

**ਦਸਵੀਂ ਜਮਾਤ ਵਿੱਚ ਪਾਸ ਹੋਣ ਦਾ ਨਵਾਂ ਕਰੀਟੇਰੀਆ:-**

1. ਦਸਵੀਂ ਸ਼੍ਰੇਣੀ ਵਿੱਚ ਪਾਸ ਹੋਣ ਲਈ ਹਰ ਇੱਕ ਵਿਸ਼ੇ ਵਿੱਚ ਪਾਸ ਹੋਣਾ ਜ਼ਰੂਰੀ ਹੋਵੇਗਾ।
2. ਹਰ ਵਿਸ਼ੇ ਵਿੱਚੋਂ ਘੱਟੋ-ਘੱਟ 33% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਉਸ ਵਿਸ਼ੇ ਵਿੱਚੋਂ ਪਾਸ ਘੋਸ਼ਿਤ ਕੀਤਾ ਜਾਵੇਗਾ।
3. ਹਰ ਵਿੱਚ ਵਿਸ਼ੇ ਵਿੱਚੋਂ ਹਰੇਕ ਸਮੈਸਟਰ ਵਿੱਚ ਅਲੱਗ-ਅਲੱਗ ਤੌਰ ਤੇ ਪਾਸ ਹੋਣਾ ਜ਼ਰੂਰੀ ਹੋਵੇਗਾ।
4. ਹਰ ਇੱਕ ਵਿਸ਼ੇ ਵਿੱਚੋਂ ਹਰੇਕ ਸਮੈਸਟਰ ਵਿੱਚ ਲਿਖਤੀ, ਪ੍ਰਯੋਗੀ ਅਤੇ ਇੰਟਰਨਲ ਅਸੈਸਮੈਂਟ ਵਿੱਚੋਂ ਅਲੱਗ ਅਲੱਗ ਤੌਰ ਤੇ ਪਾਸ ਹੋਣਾ ਜ਼ਰੂਰੀ ਹੋਵੇਗਾ ਤਾਂ ਹੀ ਵਿਦਿਆਰਥੀ ਪਾਸ ਦਾ ਸਰਟੀਫਿਕੇਟ ਪ੍ਰਾਪਤ ਕਰਨ ਦੇ ਯੋਗ ਹੋਵੇਗਾ।
5. ਜੇਕਰ ਵਿਦਿਆਰਥੀ ਸਕੂਲ ਪੱਧਰ ਤੇ ਲਈ ਗਈ ਪ੍ਰੀਖਿਆ ਵਾਲੇ ਕਿਸੇ ਵਿਸ਼ੇ ਵਿੱਚ ਫੇਲ੍ਹ ਹੋ ਜਾਂਦਾ ਹੈ ਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਪ੍ਰੀਖਿਆ ਦਾ ਨਤੀਜਾ ਦੋ ਸਾਲ ਲਈ ਰੋਕ ਲਿਆ ਜਾਵੇਗਾ ਅਤੇ ਉਸਨੂੰ ਇਸ ਸਮੇਂ ਦੌਰਾਨ ਹੀ ਇਨ੍ਹਾਂ ਵਿਸ਼ਿਆਂ ਵਿੱਚ ਪਾਸ ਹੋਣਾ ਜ਼ਰੂਰੀ ਹੋਵੇਗਾ।
6. ਦਸਵੀਂ ਸ਼੍ਰੇਣੀ ਲਈ ਵੱਧ ਤੋਂ ਵੱਧ ਦੋ ਵਿਸ਼ਿਆਂ ਵਿੱਚੋਂ ਫੇਲ੍ਹ ਵਿਦਿਆਰਥੀ ਨੂੰ ਰੀ-ਅਪੀਅਰ ਦਿੱਤੀ ਜਾਵੇਗੀ।
7. ਰੀ-ਅਪੀਅਰ ਵਾਲੇ ਪ੍ਰੀਖਿਆਰਥੀ ਦੀ ਪ੍ਰੀਖਿਆ ਹਰਸਮੈਸਟਰ ਦੀ ਪ੍ਰੀਖਿਆ ਨਾਲ ਹੀ ਲਈ ਜਾਵੇਗੀ।
8. ਰੀ-ਅਪੀਅਰ ਦੇ ਵਿਸ਼ਿਆਂ ਨੂੰ ਪਾਸ ਕਰਨ ਲਈ ਅਗਲੇ ਆਉਣ ਵਾਲੇ ਸਮੈਸਟਰਾਂ ਵਿੱਚੋਂ ਦੋ ਮੌਕੇ ਦਿੱਤੇ ਜਾਣਗੇ।
9. ਦਸਵੀਂ ਦਾ ਜਿਹੜਾ ਪ੍ਰੀਖਿਆਰਥੀ ਪਹਿਲੇ ਗਰੁੱਪ ਵਿੱਚ ਦੋ ਤੋਂ ਵੱਧ ਵਿਸ਼ਿਆਂ ਵਿੱਚੋਂ ਜਾਂ ਦੂਸਰੇ ਗਰੁੱਪ ਵਿੱਚੋਂ ਦੋ ਤੋਂ ਵੱਧ ਵਿਸ਼ਿਆਂ ਵਿੱਚੋਂ ਫੇਲ੍ਹ ਹੋ ਜਾਂਦਾ ਹੈ ਤਾਂ ਉਸ ਨੂੰ ਸਮੈਸਟਰ ਵਿੱਚੋਂ ਫੇਲ੍ਹ ਘੋਸ਼ਿਤ ਕੀਤਾ ਜਾਵੇਗਾ ਅਤੇ ਉਹ ਉਸੇ ਸਮੈਸਟਰ ਦਾ ਇਮਤਿਹਾਨ ਪ੍ਰਾਈਵੇਟ ਤੌਰ ਤੇ ਦੇ ਸਕੇਗਾ।

**ਬਾਰ੍ਹਵੀਂ ਵਿੱਚ ਪਾਸ ਹੋਣ ਦਾ ਨਵਾਂ ਕਰਾਈਟੀਰੀਆ :-**

1. ਬਾਰ੍ਹਵੀਂ ਸ਼੍ਰੇਣੀ ਵਿੱਚ ਪਾਸ ਹੋਣ ਲਈ ਹਰ ਇੱਕ ਵਿਸ਼ੇ ਵਿੱਚ ਪਾਸ ਹੋਣਾ ਜ਼ਰੂਰੀ ਹੋਵੇਗਾ।
2. ਹਰ ਵਿਸ਼ੇ ਵਿੱਚੋਂ ਘੱਟੋ-ਘੱਟ 33% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਉਸ ਵਿਸ਼ੇ ਵਿੱਚੋਂ ਪਾਸ ਘੋਸ਼ਿਤ ਕੀਤਾ ਜਾਵੇਗਾ।
3. ਹਰ ਇੱਕ ਵਿਸ਼ੇ ਵਿੱਚੋਂ ਹਰੇਕ ਸਮੈਸਟਰ ਵਿੱਚ ਅਲੱਗ-ਅਲੱਗ ਤੌਰ ਤੇ ਪਾਸ ਹੋਣਾ ਜ਼ਰੂਰੀ ਹੋਵੇਗਾ।
4. ਹਰ ਇੱਕ ਵਿਸ਼ੇ ਵਿੱਚੋਂ ਹਰੇਕ ਸਮੈਸਟਰ ਵਿੱਚ ਲਿਖਤੀ ਪ੍ਰਯੋਗੀ ਅਤੇ ਇੰਟਰਨਲ ਅਸੈਸਮੈਂਟ ਵਿੱਚੋਂ ਅਲੱਗ-ਅਲੱਗ ਤੌਰ ਤੇ ਪਾਸ ਹੋਣਾ ਜ਼ਰੂਰੀ ਹੋਵੇਗਾ।
5. ਬਾਰ੍ਹਵੀਂ ਸ਼੍ਰੇਣੀ ਵਿੱਚ ਇੱਕ ਵਿਸ਼ੇ ਵਿੱਚੋਂ ਫੇਲ੍ਹ ਵਿਦਿਆਰਥੀ ਨੂੰ ਰੀ-ਅਪੀਅਰ ਦਿੱਤੀ ਜਾਵੇਗੀ।
6. ਬਾਰ੍ਹਵੀਂ ਸ਼੍ਰੇਣੀ ਵਿੱਚੋਂ ਆਈ ਰੀ-ਅਪੀਅਰ ਵਾਲੇ ਪ੍ਰੀਖਿਆਰਥੀ ਦੀ ਪ੍ਰੀਖਿਆ ਇੱਕ ਸਮੈਸਟਰ ਦੀ ਪ੍ਰੀਖਿਆ ਨਾਲ ਹੀ ਲਈ ਜਾਵੇਗੀ।
7. ਰੀ-ਅਪੀਅਰ ਦੇ ਵਿਸ਼ਿਆਂ ਨੂੰ ਪਾਸ ਕਰਨ ਲਈ ਅਗਲੇ ਆਉਣ ਵਾਲੇ ਸਮੈਸਟਰ ਵਿੱਚ ਦੋ ਮੌਕੇ ਦਿੱਤੇ ਜਾਣਗੇ।
8. ਬਾਰ੍ਹਵੀਂ ਸ਼੍ਰੇਣੀ ਵਿੱਚ ਜਿਹੜਾ ਵਿਦਿਆਰਥੀ ਇੱਕ ਤੋਂ ਵੱਧ ਵਿਸ਼ਿਆਂ ਵਿੱਚ ਫੇਲ੍ਹ ਹੁੰਦਾ ਹੈ। ਉਸ ਪ੍ਰੀਖਿਆ ਨੂੰ ਉਸ ਸਮੈਸਟਰ ਵਿੱਚੋਂ ਫੇਲ੍ਹ ਘੋਸ਼ਿਤ ਕੀਤਾ ਜਾਵੇਗਾ ਅਤੇ ਉਹ ਉਸ ਸਮੈਸਟਰ ਦਾ ਇਮਤਿਹਾਨ ਪ੍ਰਾਈਵੇਟ ਤੌਰ ਤੇ ਦੇ ਸਕਦਾ ਹੈ।
9. ਜਿਹੜਾ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਦੇ ਕਿਸੇ ਵੀ ਸਮੈਸਟਰ ਵਿੱਚ ਫੇਲ੍ਹ ਹੁੰਦਾ ਹੈ, ਦੀ ਪ੍ਰੀਖਿਆ ਹਰ ਇੱਕ ਸਮੈਸਟਰ ਦੀ ਪ੍ਰੀਖਿਆ ਦੇ ਨਾਲ ਲਈ ਜਾਵੇਗੀ ।

3.0 ਇਹ ਸਪੱਸ਼ਟ **ਕੀਤਾ ਜਾਂਦਾ ਹੈ ਕਿ ਬੋਰਡ ਵੱਲੋਂ ਬਣਾਏ ਗਏ ਨਵੇ ਕਰੀਟੇਰੀਏ ਅਨੁਸਾਰ ਦਸਵੀਂ ਅਤੇ ਬਾਰ੍ਹਵੀਂ ਕਲਾਸ ਵਿੱਚ ਹਿਸਾਬ ਵਿਸ਼ੇ ਵਿੱਚ ਵੀ ਪਾਸ ਹੋਣਾ ਲਾਜ਼ਮੀ ਹੈ ।**

ਇਹ ਇਸ ਕਰਕੇ ਵਿਸ਼ੇਸ਼ ਤੌਰ ਤੇ ਲਿਖਿਆ ਜਾਂਦਾ ਹੈ ਕਿਉਂ ਕਿ ਅਜੇ ਵੀ ਸਕੂਲ ਮੁੱਖੀਆਂ ਵੱਲੋਂ ਹਿਸਾਬ ਵਿਸ਼ੇ ਵਿੱਚ ਪਾਸ ਹੋਣ ਬਾਰੇ ਸਪੱਸ਼ਟੀਕਰਨ ਮੰਗੇ ਜਾ ਰਹੇ ਹਨ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ